# ਜ਼ਖਮਾਂ ਤੇ ਮਲ੍ਹਮ
# ਅਤੇ
# ਧਾਰਮਿਕ ਅਸਥਾਨਾਂ
# ਦੀ ਪਵਿੱਤਰਤਾ



ਗਿਆਨੀ ਜ਼ੈਲ ਸਿੰਘ

# ਜ਼ਖਮਾਂ ਤੇ ਮਲ੍ਹਮ ਅਤੇ
# ਧਾਰਮਿਕ ਅਸਥਾਨਾਂ ਦੀ ਪਵਿਤੱਰਤਾ

ਮੈਂ ਅਜ ਐਸੇ ਦੁਖਦਾਈ ਵਕਤ ਤੇ ਬੋਲ ਰਿਹਾ ਹਾਂ ਜਦੋਂ ਕਿ ਬੀਤੇ ਹੋਏ ਸਮੇਂ ਵਿਚ ਵਾਪਰੀਆਂ ਹੋਈਆਂ ਘਟਨਾਵਾਂ ਦੇ ਗਹਿਰੇ ਜ਼ਖਮਾਂ ਦੇ ਦੁਖ ਮੇਰੇ ਦਿਲ ਤੇ ਵੀ ਹਨ ਤੇ ਠੀਕ ਸੋਚਣ ਵਾਲੇ ਸਾਰੇ ਬੰਦਿਆਂ ਦੇ ਦਿਲਾਂ ਤੇ ਵੀ ਹਨ। ਇਹ ਘਟਨਾਵਾਂ ਬੀਤਣ ਤੋਂ ਬਾਅਦ ਕਿਸੇ ਵੀ ਸੋਚਵਾਨ ਆਦਮੀ ਦਾ ਦਿਲ ਨਾ ਦੁਖੇ, ਇਹ ਗਲ ਅਨਹੋਣੀ ਹੈ। ਪਰ ਸਾਡਾ ਇਕ ਫ਼ਰਜ਼ ਬਣਦਾ ਹੈ ਕਿ ਅਸੀਂ ਜਜ਼ਬਾਤ ਦੀ ਰੌ ਵਿਚ ਵਹਿਣ ਤੋਂ ਪਹਿਲਾਂ ਇਨ੍ਹਾਂ ਵਾਕਿਆਤ ਦੇ ਪਿਛੋਕੜ ਨੂੰ ਦੇਖੀਏ, ਵਰਤਮਾਨ ਸਮੇਂ ਨੂੰ ਤਕੀਏ ਤੇ ਆਉਣ ਵਾਲੇ ਭਵਿਖ ਵਾਸਤੇ ਵਿਚਾਰੀਏ। ਇਕ ਸਮਾਂ ਬੀਤਿਐ ਜਦੋਂ ਪੰਜਾਬ ਦੇ ਗੁਰਦਵਾਰਿਆਂ ਦਾ ਪ੍ਰਬੰਧ, ਖਾਸ ਤੌਰ ਤੇ ਸਰਵ ਸ਼੍ਰੇਸ਼ਟ ਸ਼੍ਰੋਮਣੀ ਧਾਰਮਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਔਰ ਸ੍ਰੀ ਅਕਾਲ ਤਖਤ ਸਾਹਿਬ ਦੇ ਅੰਦਰ ਅਜਿਹੇ ਹਾਲਾਤ ਪੈਦਾ ਹੋ ਗਏ ਕਿ ਉਥੇ ਚੁਣੀ ਹੋਈ ਕਮੇਟੀ ਦਾ ਕੋਈ ਅਖਤਿਆਰ ਨਾ ਰਿਹਾ। ਐਸੇ ਹਾਲਾਤ ਵਿਚ ਸਾਡੇ ਸਾਹਮਣੇ ਇਹ ਵਾਕਿਆ ਹੈ ਕਿ ਬੜੀਆਂ ਅਪੀਲਾਂ ਦੇ ਬਾਅਦ ਵੀ ਇਸ ਪਵਿਤ੍ਰ ਸਥਾਨ ਦੇ ਉਤੇ ਜੋ ਗੁਰਮਤ ਦੇ ਵਿਰੁਧ ਚੀਜ਼ਾਂ ਸਨ, ਉਹ ਬੜੇ ਜ਼ੋਰ ਨਾਲ ਹੋਈਆਂ। ਧਾਰਮਕ ਆਗੂਆਂ ਦੀ ਅਪੀਲ ਵੀ ਨ ਸੁਣੀ ਗਈ, ਔਰ ਜਿਥੋਂ ਤਕ ਮੈਨੂੰ ਪਤਾ ਹੈ, ਪ੍ਰਬੰਧਕਾਂ ਦੀ ਰਾਏ ਨੂੰ ਵੀ ਇਗਨੋਰ ਕੀਤਾ ਗਿਆ। ਔਰ ਜਿਹੜੇ ਗੁਰਦੁਆਰੇ ਸਾਡੀ ਆਤਮਾ ਦੀ ਉਨਤੀ ਵਾਸਤੇ, ਮਾਨਵਤਾ ਦੀ ਰੂਹਾਨੀ ਤਾਕਤ ਵਧਾਉਣ ਵਾਸਤੇ ਸਰਵ ਸ੍ਰੇਸ਼ਟ ਤੇ ਸਰਵ-ਸਾਂਝੀ ਬਾਣੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਉਤੇ ਚਲਣ ਵਾਸਤੇ, ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਹੁਕਮ ਮੁਤਾਬਕ ਗੁਰੂ ਗ੍ਰੰਥ ਸਾਹਿਬ ਦੇ ਪਵਿਤ੍ਰ ਵਾਕਾਂ ਉਤੇ ਚਲਣ ਵਾਸਤੇ, ਲੋਕਾਂ ਦੇ ਦਰਸ਼ਨਾਂ ਲਈ ਸਨ ਉਹ ਕੁਝ ਅਤਵਾਦੀ ਲੋਕਾਂ ਦੇ ਹਥਾਂ ਵਿਚ ਆ ਗਏ। ਔਰ ਉਨ੍ਹਾਂ ਅਸਥਾਨਾਂ ਵਿਚ ਇਸ ਤਰ੍ਹਾਂ ਦੇ ਖਤਰਨਾਕ ਸ਼ਸਤਰ ਤੇ ਉਹ ਚੀਜ਼ਾਂ ਜਿਹੜੀਆਂ ਧਾਰਮਕ ਮਰਯਾਦਾ ਦੇ ਵਿਰੁਧ ਸਨ, ਇਕਠੀਆਂ ਵੀ ਹੋਈਆਂ, ਵਰਤਾਈਆਂ ਵੀ ਗਈਆਂ ਅਤੇ ਐਥੋਂ ਤਕ ਕਿ ਸ਼ਰਧਾਲੂਆਂ ਦਾ ਦਰਸ਼ਨਾਂ ਲਈ ਆਣਾ ਜਾਣਾ ਵੀ ਮੁਸ਼ਕਲ ਹੋ ਗਿਆ। ਐਸੇ ਮਾਮਲੇ ਵਿਚ ਮੈਂ ਪੰਜਾਬ ਸਰਕਾਰ ਦੇ ਜੋ ਮੁਖ ਅਧਿਕਾਰੀ ਸਨ, ਮੁਖੀ ਸਨ, ਸਰਬਰਾਹ ਸਨ, ਉਹਨਾਂ ਨੂੰ ਵੀ ਇਹ ਨਹੀਂ ਕਹਿ ਸਕਦਾ ਕਿ ਉਹਨਾਂ ਦਾ ਕੋਈ ਕਸੂਰ ਨਹੀਂ। ਔਰ ਇਸ ਢਿਲਿਆਈ ਸੁਸਤੀ ਅਤੇ ਲਾਪਰਵਾਹੀ ਦੇ ਕਾਰਨ ਹਲਾਤ ਵਿਗੜਦੇ ਰਹੇ। ਜ਼ਿੰਮੇਵਾਰੀਆਂ ਜਿਹੜੀਆਂ ਹਨ ਉਹ ਅਤਵਾਦੀਆਂ ਉਤੇ ਵੀ ਹਨ, ਤੇ ਅਤਵਾਦੀਆਂ ਨੂੰ ਪ੍ਰੇਰਣਾ ਦੇਣ ਵਾਲੀਆਂ ਸ਼ਕਤੀਆਂ ਜਿਹੜੀਆਂ ਛੁਪਕੇ ਸਾਡੇ ਦੇਸ਼ ਦੀ ਦੁਸ਼ਮਣੀ ਕਰਨਾ ਚਾਹੁੰਦੀਆਂ ਸਨ ਉਹਨਾਂ

---

ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਾ 17 ਜੂਨ 1984 ਰਾਸ਼ਟਰੀ ਪ੍ਰਸਾਰਣ

ਨੂੰ ਵੀ ਮੌਕਾ ਮਿਲਿਆ ਕਿ ਉਹਨਾਂ ਨੇ ਸਾਡੇ ਧਾਰਮਕ ਅਸਥਾਨਾਂ ਦੀ ਪਵਿਤ੍ਰਤਾ ਨੂੰ ਭੰਗ ਕਰਕੇ ਆਪਣੇ ਨਿਸ਼ਾਨੇ ਪੂਰੇ ਕਰਨ ਲਈ, ਦੇਸ਼ ਦੇ ਟੁਕੜੇ ਕਰਨ ਲਈ, ਸਾਡੇ ਪਿਆਰ ਦੀਆਂ ਸਾਂਝਾਂ ਨੂੰ ਤੋੜਨ ਲਈ, ਇਸ ਤਰ੍ਹਾਂ ਦੇ ਉਪਦੇਸ਼ ਦਿਤੇ, ਜਿਸ ਦੇ ਨਾਲ ਸਾਡੇ ਕੁਝ ਨੌਜਵਾਨ, ਕੁਛ ਸਾਡੀਆਂ ਭੈਣਾਂ ਤੇ ਕੁਝ ਬਜ਼ੁਰਗ ਗਲਤ ਰਸਤੇ ਉਤੇ ਤੁਰ ਪਏ। ਔਰ ਜਿਸ ਰਸਤੇ ਨਾਲ ਬਹੁਤ ਸਾਰੇ ਹਿੰਦੂ, ਸਿਖ, ਵਿਉਪਾਰੀ, ਕਿਸਾਨ, ਜਰਨਲਿਸਟ ਸਿਆਸੀ ਰਹਿਨੁਮਾਂ ਔਰ ਧਾਰਮਕ ਮਨੁਖ ਉਹਨਾਂ ਲੋਕਾਂ ਦੇ ਸ਼ਸਤਰਾਂ ਦਾ ਸ਼ਿਕਾਰ ਹੋ ਗਏ, ਔਰ ਉਹਨਾਂ ਦੀਆਂ ਮੌਤਾਂ ਹੋ ਗਈਆਂ। ਇਥੋਂ ਤਕ ਕਿ ਸ਼੍ਰੋਮਣੀ ਸਰਵਉਚ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਪ੍ਰਤਾਪ ਸਿੰਘ ਜੋ ਰਿਟਾਇਰ ਹੋ ਚੁੱਕੇ ਸਨ, ਉਹਨਾਂ ਦਾ ਵੀ ਕਤਲ ਹੋ ਗਿਆ। ਗਿਆਨੀ ਪ੍ਰਤਾਪ ਸਿੰਘ ਨੂੰ ਤੁਸੀ ਚੰਗੀ ਤਰ੍ਹਾਂ ਜਾਣਦੇ ਹੋ, ਜੋ ਵੀਹਵੀਂ ਸਦੀ ਦਾ ਇਕ ਮਹਾਂਨ ਪੁਰਸ਼ ਸੀ। ਮਹਾਂ ਤਿਆਗੀ, ਮਹਾਂ ਵਿਦਵਾਨ, ਲਿਖਾਰੀ ਔਰ ਗੁਰਮਤ ਦਾ ਪ੍ਰਚਾਰਕ ਸੀ.। ਹੋ ਸਕਦਾ ਹੈ ਕਿ ਉਹਦੇ ਖਿਆਲ ਉਹਦੇ ਜਜ਼ਬਾਤ ਉਹਨਾਂ ਲੋਕਾਂ ਨਾਲ ਨਾ ਮਿਲੇ ਹੋਣ ਜਿਨ੍ਹਾਂ ਦਾ ਕਬਜ਼ਾ ਗੁਰਦਵਾਰਿਆਂ ਦੇ ਉਤੇ ਨਾਜਾਇਜ਼ ਤ੍ਰੀਕਿਆ ਨਾਲ ਹੋ ਚੁਕਿਆ ਸੀ। ਉਹਨਾਂ ਨੂੰ ਵੀ 85 ਸਾਲ ਦੇ ਬਜ਼ੁਰਗ ਨੂੰ ਘਰੇ ਪਿਆਂ ਮਾਰ ਦਿਤਾ। ਇਹ ਹਿਰਦੇ ਵੇਧਕ ਘਟਨਾਵਾਂ ਵਾਪਰਦੀਆਂ ਗਈਆਂ ਤੇ ਵਧਦੀਆਂ ਗਈਆਂ । ਮੈਂ ਇਸ ਵਕਤ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ, ਮਗਰ ਮੈਂ ਇਹ ਅਹਿਸਾਸ ਕਰਦਾ ਹਾਂ ਕਿ ਇਹਨਾਂ ਨੂੰ ਰੋਕਣ ਵਾਸਤੇ ਬੜੀਆਂ ਅਪੀਲਾਂ ਕੀਤੀਆਂ ਗਈਆਂ। ਜਿਥੋਂ ਤਕ ਮੇਰਾ ਜ਼ਾਤੀ ਸਵਾਲ ਹੈ ਮੈਂ ਆਪਣੇ ਰਾਸ਼ਟਰਪਤੀ ਪਦ ਦੀਆਂ ਦੇਸ਼ ਪ੍ਰਤੀ ਜ਼ਿਮੇਵਾਰੀਆਂ ਨੂੰ ਨਿਭਾਉਂਦਾ ਹੋਇਆ ਏਸ ਗਲ ਦੀ ਕੋਸ਼ਸ਼ ਕਰਦਾ ਰਿਹਾ ਹਾਂ, ਕਈ ਵਾਰੀ ਆਉਟ-ਆਫ-ਦੀ-ਵੇ (out of the way) ਜਾ ਕੇ ਵੀ ਕੋਸ਼ਿਸ਼ ਕੀਤੀ ਕਿ ਇਹਨਾਂ ਚੀਜ਼ਾਂ ਨੂੰ ਰੋਕਿਆ ਜਾਏ। ਪਰ ਉਹ ਵੀ ਨਹੀਂ ਰੁਕ ਸਕੀਆਂ।

ਦੋ ਧਾਰਮਕ ਤੇ ਪੋਲਿਟਿਕਲ ਨੇਤਾਵਾਂ ਨੇ ਮਜਬੂਰ ਹੋ ਕੇ ਆਪਣੀਆਂ ਗ੍ਰਿਫ਼ਤਾਰੀਆਂ ਦੇ ਦਿਤੀਆਂ। ਏਸੇ ਤਰ੍ਹਾਂ ਹੀ ਅਤਵਾਦੀਆਂ ਨੂੰ ਵੀ, ਉਥੇ ਜਦ ਸੈਨਾਂ ਪਹੁੰਚ ਗਈ ਸੀ, ਤਾਂ ਸੈਨਾਂ ਦੀ ਅਪੀਲ ਉਤੇ ਗੁਰਦਵਾਰਿਆਂ ਦੀ ਪਵਿਤ੍ਰਤਾ ਨੂੰ ਬਨਾਉਣ ਲਈ ਬਾਹਰ ਆਕੇ ਖੜੇ ਹੋ ਜਾਣਾ ਚਾਹੀਦਾ ਸੀ। ਮੈਂ ਸਮਝਦਾ ਹਾਂ ਬੇਹਤਰ ਹੁੰਦਾ ਕਿ ਉਹ ਗ੍ਰਿਫ਼ਤਾਰੀਆਂ ਦਿੰਦੇ ਔਰ ਕਹਿੰਦੇ ਕਿ ਸਾਡੇ ਤੇ ਮੁਕਦਮੇ ਚਲਾਓ। ਪਰ ਗੁਰਦਵਾਰਿਆਂ ਦੀ ਤੇ ਪਵਿਤ੍ਰ ਅਕਾਲ ਤਖਤ ਦੀ ਓਟ ਲੈ ਕੇ ਲੜਾਈਆਂ ਕਰਨੀਆਂ, ਇਹ ਕੋਈ ਚੰਗੀ ਗਲ ਨਹੀਂ। ਇਸਦੇ ਲਈ ਹਰ ਸੂਝਵਾਨ ਤੇ ਖਾਸ ਤੌਰ ਤੇ ਉਹ ਜਿਨ੍ਹਾਂ ਨੂੰ ਗੁਰੂ ਮਹਾਰਾਜ ਤੇ ਭਰੋਸਾ ਹੈ, ਅਤੇ ਜੋ ਸਿਖ ਮਰਯਾਦਾ ਨੂੰ ਚੰਗੀ ਤਰ੍ਹਾਂ ਸਮਝਦੇ ਹਨ, ਉਹਨਾਂ ਨੂੰ ਵੀ ਦੁਖ ਹੋਇਆ।

ਸਾਡੇ ਸਾਹਮਣੇ ਹੈ ਜਦ ਗੁਲਾਮ ਹਿੰਦੋਸਤਾਨ ਸੀ ਉਸ ਵਕਤ ਗੁਰਦਵਾਰਿਆਂ ਉਤੇ ਕਬਜ਼ਾ ਕਰਨ ਵਾਲੇ ਮਹੰਤਾਂ ਨੇ ਉਹ ਬੁਰਿਆਈਆਂ

ਕੀਤੀਆਂ ਜਿਨ੍ਹਾਂ ਦੇ ਬਦਲੇ ਕਈਆਂ ਨੂੰ ਆਪਣੀਆਂ ਜਾਨਾਂ ਕੁਰਬਾਨ ਕਰਨੀਆਂ ਪਈਆਂ। ਉਸ ਵਕਤ ਸਰਕਾਰ ਉਹਨਾਂ ਮਹੰਤਾਂ ਦੀ ਹਿਮਾਇਤ ਵਿਚ ਸੀ। ਇਸ ਕਰਕੇ ਸਿਖਾਂ ਨੂੰ ਬੜੀਆਂ ਕੁਰਬਾਨੀਆਂ ਦੇਣੀਆਂ ਪਈਆਂ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਬਣੀ, ਇਸ ਕਰਕੇ ਕਿ ਗੁਰਦਵਾਰਿਆਂ ਦੇ ਅੰਦਰ ਪਵਿਤ੍ਰਤਾ ਕਾਇਮ ਰਹੇ, ਗੁਰਬਾਣੀ ਦਾ ਪ੍ਰਚਾਰ ਹੋਵੇ, ਗੁਰੂ ਮਹਾਰਾਜ ਦੀਆਂ ਪਵਿਤ੍ਰ ਹਿਦਾਇਤਾਂ ਮੁਤਾਬਕ ਗੁਰਦਵਾਰਿਆਂ ਦਾ ਪ੍ਰਬੰਧ ਚਲੇ। ਗੁਰੂ ਗ੍ਰੰਥ ਸਾਹਿਬ ਦੀ ਪਵਿਤ੍ਰ ਬਾਣੀ ਵਿਚ ਲਿਖਿਆ ਹੈ ਕਿ :

**ਗੁਰ ਦੁਆਰੈ ਹਰਿ ਕੀਰਤਨ ਸੁਣੀਐ,**
**ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ॥**

**ਦੂਜੀ ਅਵਰ ਨਾ ਜਾਪਸਿ ਕਾਈ,**
**ਸਗਲ ਤੁਮਾਰੀ ਧਾਰਣਾ॥**

ਮੈਂ ਇਹਦੇ ਅਰਥ ਕਰਨ ਦੀ ਜ਼ਰੂਰਤ ਨਹੀਂ ਸਮਝਦਾ, ਸਾਰੇ ਸਮਝਦੇ ਹਨ। ਸਤਿਗੁਰੂ ਜੀ ਨੇ ਇਹ ਵੀ ਫ਼ਰਮਾਇਆ ਹੈ :

**ਗੁਰੂਦਵਾਰੇ ਹੋਇ ਕੈ ਸਾਹਿਬ ਸੰਭਾਲਿਹੁ,**
**ਸਾਹਿਬ ਨੂੰ ਯਾਦ ਕਰੋ, ਗੁਰੂ ਦੇ ਦਵਾਰੇ ਪਹੁੰਚੋ।**

ਔਰ ਗੁਰਦਵਾਰੇ ਉਹ ਅਸਥਾਨ ਹਨ :

**ਕਬੀਰ ਜਹਿ ਦਰ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥**
**ਸੋ ਦਰੁ ਕੈਸੇ ਛੋਡੀਐ ਜੋ ਦਰ ਐਸਾ ਹੋਇ॥**

ਹਰਮੰਦਰ ਸਾਹਿਬ ਗੁਰੂ ਪੰਚਮ ਪਾਤਸ਼ਾਹ ਮਹਾਰਾਜ ਦੀ ਮੰਸ਼ਾ ਦੇ ਮੁਤਾਬਕ ਰਚਿਆ ਗਿਆ। ਉਸਤੋਂ ਬਾਅਦ ਉਸਦੀ ਇਮਾਰਤ ਸ਼ਾਨਦਾਰ ਬਣਦੀ ਗਈ। ਸਵਰਣ ਮੰਦਰ ਵੀ ਹੋ ਗਿਆ। ਔਰ ਸ੍ਰੀ ਅਕਾਲ ਤਖਤ ਦੀ ਗੁਰੂ ਛੇਵੀਂ ਪਾਤਸ਼ਾਹੀ ਨੇ ਸਥਾਪਨਾ ਕੀਤੀ। ਪਰ ਉਹਨਾਂ ਨੇ ਇਸ ਤਖਤ ਸਾਹਿਬ ਦੀ ਮਰਯਾਦਾ ਨੂੰ ਉਤਮ ਰੱਖਣ ਵਾਸਤੇ ਆਪਣਾ ਨਿਵਾਸ ਅਸਥਾਨ ਛੇ ਸਤ ਮੀਲ ਦੀ ਦੂਰੀ ਉਤੇ ਛੇਹਰਟਾ ਸਾਹਿਬ ਰਖਿਆ। ਮਗਰ ਉਹ ਮਰਯਾਦਾਂ ਸਾਰੀਆਂ ਤੋੜ ਦਿਤੀਆਂ ਗਈਆਂ। ਔਰ ਇਹ ਹਾਲਾਤ ਹੋ ਗਏ ਕਿ

**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨ ਆਇਆ॥**

**ਜੇ ਸਕਤਾ ਸਕਤੇ ਕਉ ਮਾਰੇ ਤਾਂ ਮਨ ਰੋਸ ਨ ਹੋਈ॥**

ਗੁਰੂ ਨਾਨਕ ਦੇਵ ਨੇ ਆਪਣੀ ਪਵਿਤ੍ਰ ਬਾਣੀ ਵਿਚ ਆਖਿਆ ਸੀ : 'ਪਰਮਾਤਮਾ ਕੀ ਤੈਨੂੰ ਤਰਸ ਨਹੀਂ ਆਉਂਦਾ, ਨਿਹਥਿਆਂ ਨੂੰ ਲੋਕੀਂ ਮਾਰੀ

ਜਾਂਦੇ ਨੇ, ਨਿਹਥਿਆਂ ਨੂੰ ਮਾਰਨ ਵਾਲੀਆਂ ਤਾਕਤਾਂ ਜੋ ਚਾਹੁੰਦੀਆਂ ਉਹ ਕਰਦੀਆਂ ਹਨ। ਬੇਪਤੀਆਂ ਕਰਦੀਆਂ ਹਨ। ਤੈਨੂੰ ਦਰਦ ਕੋਈ ਨਹੀਂ ਆਉਂਦਾ।''

ਗੁਰੂ ਜੀ ਕਹਿੰਦੇ ਹਨ ਮੈਨੂੰ ਕੋਈ ਅਫ਼ਸੋਸ ਨ ਹੁੰਦਾ ਜੇ ਤਾਕਤਵਰ, ਤਾਕਤਵਰ ਨੂੰ ਮਾਰਦਾ। ਪਰ ਜੇ ਸਕਤਾ ਸਕਤੇ ਕੋ ਮਾਰੇ, ਤਾਂ ਮਨ ਰੋਸ ਨ ਹੋਈ, ਪਰ

**ਸਕਤਾ ਸੀਹ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥**

ਜੋ ਕੋਈ ਸ਼ੇਰ ਬਣਕੇ, ਸ਼ੀਹ ਬਣਕੇ ਔਰ ਰਖਵਾਲੇ ਦਾ ਭੈ ਮੁਕਾ ਕੇ ਉਹਨਾਂ ਦੇ ਰਖੇ ਹੋਏ ਜਾਨਵਰਾਂ ਨੂੰ ਮਾਰ ਦੇਵੇ ਤਾਂ ਖਸਮ ਦਾ ਕੀ ਫ਼ਰਜ਼ ਬਣਦਾ ਹੈ ਕਿ ਕੀ ਉਸਨੇ ਸੰਭਾਲਣੇ ਹਨ ਯਾ ਨਹੀਂ ਸੰਭਾਲਣੇ ? ਮੈਂ ਇਸਨੂੰ ਬੜੀ ਗਹਰਾਈ ਨਾਲ ਦੇਖਿਆ ਹੈ ਕਿ ਕੋਈ ਚਾਰਾ ਜਦੋਂ ਨਹੀਂ ਰਿਹਾ, ਤਾਂ ਪੰਜਾਬ ਸਰਕਾਰ ਨੂੰ ਸੈਨਾ ਭੇਜਣੀ ਪਈ। ਸੈਨਾ ਨੇ ਜਾਕੇ ਅਪੀਲ ਕੀਤੀ। ਉਸ ਅਪੀਲ ਉਤੇ ਉਹਨਾਂ ਦੇ ਕਹਿਣ ਉਤੇ ਦੋ ਸਿੱਖ ਆਗੂਆਂ ਨੇ ਆਪਣੀਆਂ ਗ੍ਰਿਫ਼ਤਾਰੀਆਂ ਦਿਤੀਆਂ। ਹੋਰ ਬਹੁਤ ਸਾਰਿਆਂ ਨੇ ਵੀ ਗ੍ਰਿਫ਼ਤਾਰੀਆਂ ਦਿਤੀਆਂ।ਬਹੁਤ ਸਾਰੇ ਸ਼ਰਧਾਲੂ ਜਿਹੜੇ ਆਏ ਹੋਏ ਸਨ ਉਹ ਇਹ ਕਹਿਕੇ ਨਿਕਲੇ ਕਿ ਸਾਡਾ ਇਸ ਝਗੜੇ ਨਾਲ ਕੋਈ ਵਾਸਤਾ ਨਹੀਂ।

ਮੈਂ ਦੁਬਾਰਾ ਨਹੀਂ ਦੋਹਰਾਣਾ ਚਾਹੁੰਦਾ ਪਰ ਇਹ ਦੁਰਘਟਨਾਵਾਂ ਵਾਪਰੀਆਂ। ਇਹਨਾਂ ਦੀ ਛਾਣਬੀਣ ਬਾਅਦ ਵਿਚ ਹੋਏਗੀ, ਕਿ ਕਿਸ ਤਰ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਬਿਲਡਿੰਗ ਨੂੰ ਨੁਕਸਾਨ ਪਹੁੰਚਿਆ, ਯਾ ਸ੍ਰੀ ਹਰਿਮੰਦਰ ਸਾਹਿਬ ਕਿਸ ਤਰੀਕੇ ਨਾਲ ਔਰ ਕਿਸ ਵਿਉਂਤਬੰਦੀ ਨਾਲ ਬਚਾਇਆ ਗਿਆ, ਔਰ ਸੈਨਾ ਦੇ ਜਵਾਨਾਂ ਨੂੰ ਵੀ ਆਪਣੀਆਂ ਮੌਤਾਂ ਝਲਣੀਆਂ ਪਈਆਂ, ਔਰ ਹੋਰ ਲੋਕ ਵੀ ਮਰੇ। ਪਰ ਜੋ ਮਰ ਚੁੱਕੇ ਹਨ, ਉਹਨਾਂ ਦਾ ਕਸ਼ਟ ਮੇਰੇ ਦਿਲ ਦੇ ਉਤੇ ਹਮੇਸ਼ਾ ਲਈ ਸਮਾ ਗਿਆ ਹੈ। ਇਹ ਗਲ ਰੋਕੀ ਜਾ ਸਕਦੀ ਸੀ, ਪਰ ਨਹੀਂ ਰੋਕੀ ਗਈ। ਏਸ ਕਰਕੇ ਕਿ ਅਤਵਾਦੀਆਂ ਦਾ ਕਬਜ਼ਾ ਉਥੇ ਹੋ ਚੁਕਿਆ ਸੀ ਉਹਨਾਂ ਕੋਲ ਇੰਨਾਂ ਖਤਰਨਾਕ ਅਸਲਾ, ਵਿਦੇਸ਼ੀ ਅਸਲਾ ਔਰ ਵਿਦੇਸ਼ੀ ਤਾਕਤਾਂ ਦਾ ਹਥ ਜਿਹੜਾ ਕਿ ਉਥੋਂ ਦੇ ਜਰਨੈਲਾਂ ਨੇ ਸਾਨੂੰ ਹੁਣ ਤਕ ਦਸਿਐ, ਉਹਦੀ ਛਾਣਬੀਣ ਵੀ ਹੋ ਰਹੀ ਹੈ। ਉਸਤੋਂ ਮਾਲੂਮ ਹੁੰਦਾ ਹੈ ਕਿ ਬਹੁਤ ਬੜੀ ਗਹਿਰੀ ਸਾਜ਼ਸ਼ ਸੀ। ਹੁਣ ਸਵਾਲ ਹੈ ਕਿ ਅਸੀਂ ਅਜ ਇਹਨਾਂ ਜ਼ਖਮਾਂ ਨੂੰ ਕਿਸ ਤਰ੍ਹਾਂ ਭਰੀਏ। ਔਰ ਕਿਸ ਤਰ੍ਹਾਂ ਅਸੀਂ ਇਹਨਾਂ ਸਾਰੀਆਂ ਵਾਰਦਾਤਾਂ ਵਿਚੋਂ ਦੀ ਗੁਜ਼ਰੀਏ।ਇਹ ਸਰਕਾਰ ਦਾ ਤੇ ਸਮਾਜ ਦਾ ਸਾਰਿਆਂ ਦਾ ਫ਼ਰਜ਼ ਬਣਦਾ ਹੈ। ਸਾਨੂੰ ਯਾਦ ਕਰਨਾ ਚਾਹੀਦਾ ਹੈ, ਸ੍ਰੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਦੀ ਸ਼ਹਾਦਤ ਨੂੰ, ਜਿਨ੍ਹਾਂ ਨੇ ਪ੍ਰਣ ਕੀਤਾ ਸੀ ਕਿ ਮੈਂ

ਬਾਜ਼ੂ ਪਕੜ ਲਿਐ, ਔਰ ਮੇਰੇ ਪਾਸ ਜੋ ਆਏ ਸਨ ਧਰਮ ਦੀ ਰਖਿਆ ਕਰਨ ਵਾਸਤੇ—

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥
ਕੀਨੋ ਬਡੋ ਕਲੂ ਮਹਿ ਸਾਕਾ॥

ਜਿਸ ਵਕਤ ਉਹ ਚਲੇ ਤੇ ਉਹਨਾਂ ਦੇ ਸਾਰੇ ਸ਼ਰਧਾਲੂਆਂ ਨੇ, ਇਥੋਂ ਤਕ ਕਿ ਸੈਫ-ਓ ਦੀਨ ਜੋ ਗੁਰੂ ਸਾਹਿਬ ਦਾ ਸ਼ਰਧਾਲੂ ਸੀ ਉਸਨੇ ਇਕ ਮਹੀਨੇ ਤੋਂ ਵਧ ਗੁਰੂ ਜੀ ਨੂੰ ਅਗੇ ਨਹੀਂ ਤੁਰਨ ਦਿਤਾ। ਉਹਨਾਂ ਕਿਹਾ ਤੁਸੀਂ ਦਿਲੀ ਜਾ ਰਹੇ ਹੋ, ਦਿਲੀ ਜਾਓਗੇ ਤਾਂ ਕਤਲ ਹੋ ਜਾਓਗੇ। ਗੁਰੂ ਤੇਗ ਬਹਾਦਰ ਜੀ ਨੇ ਕਿਹਾ, ਨਹੀਂ, ਮੈਂ ਕਤਲ ਹੋਣਾ ਪਸੰਦ ਕਰੂੰਗਾ, ਮੈਂ ਕਾਤਲਾਂ ਦੇ ਕੋਲ ਜਾਊਂਗਾ, ਲੇਕਿਨ ਮੈਂ ਸ਼ਰਨ ਲੈਕੇ ਪਵਿਤ੍ਰ ਗੁਰੂ ਅਸਥਾਨਾਂ ਵਿਚ ਛਿਪੂੰਗਾ ਨਹੀਂ। ਮੈਂ ਕਿਸੇ ਦੋਸਤ ਦੇ ਘਰ ਵੀ ਨਹੀਂ ਛਿਪੂੰਗਾ। ਮੈਂ ਕਿਸੇ ਨਾਲ ਦਗਾ ਨਹੀਂ ਕਰੂੰਗਾ।ਮੈਂ ਫਰੇਬ ਨਹੀਂ ਕਰੂੰਗਾ, ਕਿਉਂਕਿ :—

ਬਾਂਹਿ ਜਿਨਾਂ ਦੀ ਪਕੜੀਏ,
ਸਿਰ ਦਈਐ ਬਾਹ ਨ ਛੋਡੀਐ॥

ਅੱਜ ਮੈਂ ਬੜੇ ਅਫ਼ਸੋਸ ਨਾਲ ਇਸ ਬਾਤ ਨੂੰ ਦੇਖਿਆ ਕਿ ਕੁਛ ਲੋਕਾਂ ਨੇ ਅਪੀਲ ਕੀਤੀ ਕਿ ਜਿਨੇਂ ਵੀ ਸਿਖ ਹਨ, ਜਿਨ੍ਹਾਂ ਜਿਨ੍ਹਾਂ ਔਹਦਿਆਂ ਤੇ ਹਨ, ਖਾਸ ਤੌਰ ਤੇ ਫ਼ੌਜ ਵਾਲਿਆਂ ਨੂੰ ਵੀ ਕਹਿ ਦਿਤਾ ਗਿਆ ਕਿ ਤੁਸੀਂ ਛਡ ਕੇ ਉਥੋਂ ਆਜਾਓ, ਕੀ ਇਹ ਕਿਸੇ ਦਾ ਧਰਮ ਹੈ ? ਧਰਮ ਦੇ ਅਰਥ ਡਿਊਟੀ ਵੀ ਹੈ, ਔਰ ਜੋ ਸੁਗੰਧਾਂ ਖਾਧੀਆਂ ਵਾਹਿਗੁਰੂ ਦਾ ਨਾ ਲੈਕੇ, ਉਹਨਾਂ ਦੀ ਪਾਲਣਾ ਨ ਕਰਨਾ, ਇਹ ਕਾਇਰਾਂ, ਬੁਜ਼ਦਿਲਾਂ ਔਰ ਭਟਕਾਏ ਹੋਏ ਤੇ ਭੁਲੇਖੇ ਵਿਚ ਪਏ ਹੋਏ ਲੋਕਾਂ ਦਾ ਕਾਰਜ ਹੋ ਸਕਦਾ ਹੈ। ਇਸਲਈ ਮੈਂ ਉਹਨਾਂ ਦਾ ਮਸ਼ਕੂਰ ਹਾਂ, ਜਿਨ੍ਹਾਂ ਲੋਕਾਂ ਨੇ ਆਪਣੀਆਂ ਸੇਵਾਵਾਂ ਨੂੰ ਨਿਭਾਇਆ, ਔਰ ਸੇਵਾਵਾਂ ਨਿਭਾਉਣ ਵਿਚ ਕੋਈ ਬੇਈਮਾਨੀ ਨਹੀਂ, ਕੋਈ ਦੁਸ਼ਮਣੀ ਨਹੀਂ। ਮੈਂ ਚੰਗੀ ਤਰ੍ਹਾਂ ਜਾਣਿਐ, ਕਿ ਮੇਰੀ ਸਰਕਾਰ ਨੇ ਕਿਸੇ ਨੂੰ ਸ਼ਿਕਸਤ ਦੇਣ ਦੀ, ਕਿਸੇ ਦੀ ਜਿਤ ਕਰਾਉਣ ਦੀ ਆਸ਼ਾ ਨਾਲ ਕੋਈ ਉਪਾਅ ਨਹੀਂ ਕੀਤਾ। ਅਜ ਦੀ ਸਰਕਾਰ ਦੇ ਮੰਨ ਵਿਚ ਜਿਤ ਹਾਰ ਦਾ ਸਵਾਲ ਨਹੀਂ। ਇਹ ਸਵਾਲ ਹੈ ਕਿ ਅਸੀਂ ਜਖਮਾਂ ਨੂੰ ਕਿਵੇਂ ਭਰੀਏ। ਜਿਨੇਂ ਚਿਰ ਤੋਂ ਇਹ ਜ਼ਖਮ ਸ਼ੁਰੂ ਹੋ ਗਏ ਸਨ, ਉਹ ਕਾਫ਼ੀ ਸਮਾਂ ਬੀਤਿਐ। ਉਸ ਬੀਤੇ ਹੋਏ ਸਮੇਂ ਵਿਚ ਕੌਣ ਜ਼ਿੰਮੇਦਾਰ ਸਨ, ਇਹ ਵੀ ਇਤਹਾਸ ਦੱਸੇਗਾ, ਜਾਣਕਾਰੀਆਂ ਦੱਸਣਗੀਆਂ। ਮੈਂ ਇਹਨਾਂ ਦਾ ਜ਼ਿਕਰ ਨਹੀਂ ਕਰਦਾ। ਪਰ ਮੈਂ ਬੜੇ ਦੁਖ ਨਾਲ ਕਹਿਣਾ ਕਿ ਮੈਂ ਉਸ ਪੰਜਾਬ ਵਿਚ ਗਿਆ, ਜਿਹੜਾ ਪੰਜਾਬ ਹਸਦਾ ਸੀ, ਖੇਲਦਾ ਸੀ, ਦੌੜਦਾ ਸੀ, ਨਠਦਾ ਸੀ, ਗਾਉਂਦਾ ਸੀ, ਵਜਾਉਂਦਾ ਸੀ ਤੇ ਆਪਣੀਆਂ ਕਮਾਈਆਂ ਕਰਕੇ ਖੁਸ਼ਹਾਲ ਹੋ ਰਿਹਾ ਸੀ ਉਹ ਪੰਜਾਬ ਘਰਾਂ ਵਿਚ ਡਰਿਆ ਹੋਇਆ ਸੀ। ਕਿਉਂ ਹੋਇਆ ਇਹ, ਇਸਦੀ ਤਹਿ ਵਿਚ ਜਾਣ ਦੀ ਬੜੀ ਜ਼ਰੂਰਤ ਹੈ।

# ਸਾਂਝੇ ਸੰਬੰਧ

ਦੇਸ਼ ਵਾਸੀਓ, ਸਿਖਾਂ ਤੇ ਹਿਂਦੂਆਂ ਦਾ ਖੂਨ ਸਾਂਝਾ, ਇਹਨਾਂ ਦੀ ਆਬੋ ਹਵਾ ਸਾਂਝੀ, ਇਹਨਾਂ ਦਾ ਰਹਿਣਾ ਸਹਿਣਾ ਸਾਂਝਾ, ਇਹਨਾਂ ਦੀਆਂ ਰਿਸ਼ਤੇਦਾਰੀਆਂ ਸਾਂਝੀਆਂ। ਇਹਨਾਂ ਦਾ ਰੋਣਾ ਵੀ ਸਾਂਝਾ ਸੀ, ਇਹਨਾਂ ਦਾ ਹਸਣਾ ਵੀ ਸਾਂਝਾ ਸੀ। ਪਰ ਇਕ ਸਮਾਂ ਐਸਾ ਆ ਗਿਆ ਜਦੋਂ ਰੋਣਾ ਕਿਸੇ ਹੋਰ ਦਾ ਸੀ, ਤੇ ਹਸਣਾ ਕਿਸੇ ਹੋਰ ਦਾ ਸੀ। ਇਹ ਨਹੀਂ ਕਦੇ ਵੇਖਿਆ ਸੀ। ਮੈਂ ਚਾਹੁੰਦਾ ਹਾਂ ਕਿ ਮੁੜ ਇਸ ਚੀਜ਼ ਨੂੰ ਬਹਾਲ ਕੀਤਾ ਜਾਏ ਕਿ ਸਾਡਾ ਰੋਣਾ ਤੇ ਹਸਣਾ ਸਾਂਝਾ ਹੋ ਜਾਵੇ।

ਅਸੀਂ ਆਪਣੀ ਮਾਤ੍ਰ ਭੂਮੀ ਦੀ ਸੇਵਾ ਕਰ ਸਕੀਏ। ਅਸੀਂ ਇਸ ਦੇਸ਼ ਦੇ ਵਾਸੀ ਮਾਤ੍ਰ ਭੂਮੀ ਦੇ ਬੇਟੇ ਬੇਟੀਆਂ ਹਾਂ। ਸਾਡਾ ਫਰਜ਼ ਬਣਦੈ ਕਿ ਸਾਡੀ ਮਾਂ ਨੂੰ ਕਸ਼ਟ ਨਾ ਹੋਵੇ ਇਸ ਭਾਰਤ ਮਾਤਾ ਦੀ ਗੋਦ ਵਿਚ ਸਾਰੇ ਸਾਡੇ ਮਜ਼ਹਬ ਪਲੇ ਨੇ, ਪਵਿਤ੍ਰ ਅਸਥਾਨ ਨੇ, ਸਾਡੇ ਦੇਸ਼ ਦੇ ਰਿਸ਼ੀ ਅਤੇ ਮੁੱਨੀ ਨੇ, ਸਾਡੇ ਸੂਰਮੇ ਬਹਾਦਰ ਨੇ। ਸਾਡੇ ਸਾਇੰਸਦਾਨ ਤੇ ਡਾਕਟਰ ਨੇ। ਸਾਡੇ ਬਹੁਤ ਵਡੇ ਵਡੇ ਪ੍ਰਬੰਧਕ ਨੇ ਔਰ ਸੇਵਕ ਨੇ, ਮਜ਼ਦੂਰ ਨੇ, ਕਿਸਾਨ ਨੇ। ਇਹਨਾਂ ਸਾਰਿਆਂ ਤਬਕਿਆਂ ਦਾ ਦੁਖ ਆਪਣੇ ਦਿਲ ਵਿਚ ਲੈਣਾ ਸਾਡਾ ਸਾਰਿਆਂ ਦਾ ਫ਼ਰਜ਼ ਬਣਦੈ। ਮੈਂ ਮਹਿਸੂਸ ਕਰਦਾ ਹਾਂ ਤੇ ਸਾਰਿਆਂ ਦੀ ਸੇਵਾ ਵਿਚ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਜ ਅਸੀਂ ਏਕਤਾ ਵਲ ਚਲੀਏ ਸੁਲਾਹ ਦੀਆਂ ਗਲਾਂ ਕਰੀਏ, ਸੁਲਾਹ ਦੀਆਂ ਗਲਾਂ ਹੀ ਨਹੀਂ, ਸਗੋਂ ਸਦਭਾਵਨਾਂ ਦੀਆਂ ਕਮੇਟੀਆਂ ਬਣਾ ਬਣਾ ਕੇ ਅਸੀਂ ਵਾਤਾਵਰਨ ਨੂੰ ਠੀਕ ਕਰੀਏ। ਔਰ ਸਾਡੇ ਵਿਚ ਫਿਰ ਏਕਤਾ ਆਵੇ। ਔਰ ਜਿਹੜੀਆਂ ਕਿਸੇ ਕੋਲੋਂ ਗ਼ਲਤੀਆਂ ਹੋਈਆਂ ਹਨ, ਉਹਨਾਂ ਗ਼ਲਤੀਆਂ ਦੀ ਮਾਫ਼ੀ ਮੰਗਣਾ ਕੋਈ ਪਾਪ ਨਹੀਂ।

ਸਾਨੂੰ ਉਸ ਧਾਰਮਕ ਅਸਥਾਨ ਦੀ ਸੇਵਾ ਕਰਨ ਵਲ ਧਿਆਨ ਦੇਣ ਦੀ ਲੋੜ ਹੈ। ਔਰ ਮੈਂ ਉਮੀਦ ਰਖਦਾ ਹਾਂ ਕਿ ਨਾਂਹ ਸਿਰਫ਼ ਸਿਖ, ਬਲਕਿ ਦੂਸਰੇ ਸ਼ਰਧਾਲੂ ਤੇ ਦੂਸਰੇ ਲੋਕ ਜੋ ਆਪਣੇ ਧਰਮਾਂ ਤੇ ਅਕੀਦਾ ਰਖਦੇ ਹਨ, ਪਰ ਵਿਸ਼ਵਾਸ ਰਖਦੇ ਹਨ ਕਿ 'ਸਰਵ-ਧਰਮ ਸੰਭਾਵ', ਸਾਰਿਆ ਧਰਮਾਂ ਦਾ ਆਦਰ ਸਨਮਾਨ ਕਰਨਾ, ਉਹ ਵੀ ਇਸ ਪਾਸੇ ਵਲ ਨੂੰ ਆਉਣਗੇ। ਮੈਨੂੰ ਉਮੀਦ ਹੈ ਕਿ ਹੁਣ ਸਾਡਾ ਮੰਨ ਇਧਰ ਮੁੜੇਗਾ। ਔਰ ਅਸੀਂ ਰਲ ਮਿਲਕੇ ਉਥੋਂ ਦੀ ਕਾਰ ਸੇਵਾ ਵੀ ਕਰਾਂਗੇ। ਔਰ ਮੇਰਾ ਇਹ ਵਿਚਾਰ ਹੈ ਕਿ ਪਵਿਤ੍ਰ ਸਰੋਵਰ ਦੀ ਵੀ ਕਾਰ ਸੇਵਾ ਕੀਤੀ ਜਾਵੇ। ਔਰ ਅਸੀਂ ਇਸ ਪਵਿਤ੍ਰ ਸੇਵਾ ਵਿਚ ਆਪਣੇ ਸਿਰਾਂ ਉਪਰ ਟੋਕਰੀਆਂ ਚੁੱਕਕੇ ਇਸਦੀਆਂ ਭਾਵਨਾਵਾਂ ਵਿਚ ਸ਼ਾਮਲ ਹੋਵਾਂਗੇ। ਫਿਰ ਪ੍ਰੇਮ ਪਿਆਰ ਦੀ ਲਹਿਰ ਵਗੇਗੀ, ਜਿਹੜੀ ਗੁਰੂ ਅਰਜਨ ਦੇਵ ਜੀ ਪਾਤਸ਼ਾਹ ਨੇ ਗੁਰੂ ਰਾਮਦਾਸ ਦੀ ਨਗਰੀ ਵਿਚ ਵਸਾਈ ਸੀ, ਚਲਾਈ ਸੀ, ਉਸਨੂੰ ਅਸੀਂ ਫੇਰ ਉਸੇ ਤਰ੍ਹਾਂ ਬਹਾਲ ਕਰਾਂਗੇ।

ਮੇਰੇ ਦੇਸ਼ ਵਾਸੀ ਪਿਆਰਿਓ, ਸਾਡੇ ਦੇਸ਼ ਦੇ ਮਹਾਨ ਸਤਿਗੁਰੂ ਸਚ ਪਾਤਸ਼ਾਹ ਜੀ ਨੇ ਸਾਨੂੰ ਉਪਦੇਸ਼ ਇਹ ਦਿਤਾ ਸੀ ਕਿ ਕੋਈ ਵੀ ਕਿਸੇ ਧਰਮ ਨੂੰ ਮੰਨਦਾ ਹੋਵੇ, ਕੋਈ ਵੀ ਉਸਦਾ ਅਕੀਦਾ ਹੋਵੇ, ਇਬਾਦਤ ਕਰਨ ਦਾ ਕੋਈ ਵੀ ਢੰਗ ਹੋਵੇ, ਪਰ ਇਨਸਾਨਾਂ ਦੀ ਜ਼ਾਤ ਇਕੋ ਸਮਝੋ।

ਗੁਰੂ ਦਸਮ ਪਾਤਸ਼ਾਹ ਦੇ ਮੁਖਾਰਬਿੰਦ ਤੋਂ ਉਚਰਿਆ ਹੋਇਆ ਇਹ ਸ਼ਬਦ ਹਮੇਸ਼ਾ ਯਾਦ ਰਖਣ ਦੀ ਲੋੜ ਹੈ। ਉਹਨਾਂ ਕਿਹਾ ਸੀ :

ਕਊ ਭਇਓ ਮੁੰਡੀਆਂ ਸੰਨਿਆਸੀ, ਕੋਊ ਜੋਗੀ ਭਇਓ,
ਕੋਈ ਬ੍ਰਹਮਚਾਰੀ, ਕੋਊ ਜਤੀ ਅਨ ਮਾਨਬੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫ਼ੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ, ਰਾਜ਼ਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲ ਭ੍ਰਮ-ਮਾਨਬੋ ॥
ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤ ਮਾਨਬੋ ॥

ਮੈਂ ਉਮੀਦ ਰਖਦਾਂ, ਖਾਸ ਤੌਰ ਤੇ ਸਿਖਾਂ ਦੇ ਧਾਰਮਕ ਆਗੂਆਂ ਤੋਂ ਜੋ ਲੈਣ ਪ੍ਰੇਰਨਾ ਗੁਰੂ ਜੀ ਦੀ ਬਾਣੀ ਤੋਂ, ਕਿਉਂਕਿ ਸਾਡੇ ਦਸਮ ਗੁਰੂ ਜੀ ਨੇ ਕਿਹੈ ਕਿ ਮੇਰੇ ਬਾਅਦ ਸਿਖਾਂ ਦਾ ਗੁਰੂ, ਗੁਰੂ ਗ੍ਰੰਥ ਸਾਹਿਬ ਹੈ। ਗੁਰੂ ਗ੍ਰੰਥ ਜੀ ਵਿਚ ਬਾਣੀ ਸਾਰਿਆਂ ਭਗਤਾਂ ਦੀ ਹੈ, ਸ਼ੇਖ ਫ਼ਰੀਦ ਵੀ ਹੈ, ਕਬੀਰ ਵੀ ਹੈ, ਰਵਿਦਾਸ ਵੀ ਹੈ, ਰਾਮਾਨੰਦ ਵੀ ਹੈ। ਮੈਂ ਸਾਰਿਆਂ ਦੇ ਨਾਂ ਨਹੀਂ ਗਿਣ ਸਕਦਾ। ਤੇ ਉਹਨਾਂ ਉਪਦੇਸ਼ਾਂ ਦੇ ਮੁਤਾਬਕ ਜੋ ਚਲੇਗਾ, ਉਹੀ ਗੁਰੂ ਦਾ ਸਿਖ ਹੋਵੇਗਾ। ਦੂਸਰਾ ਮਨਮਤੀਆ ਹੋਵੇਗਾ। "ਮੰਨ ਦੀਆਂ ਮਤਾਂ ਖਿੰਡੀਆਂ", ਉਹਨਾਂ ਦੇ ਨਾਲ ਅਸੀਂ ਗ਼ਲਤ ਰਸਤਿਆਂ ਉਤੇ ਪੈ ਸਕਦੇ ਹਾਂ। ਸਾਨੂੰ ਉਹਨਾਂ ਗ਼ਲਤ ਰਸਤਿਆਂ ਤੇ ਪੈਣ ਤੋਂ ਬਚਣ ਦੀ ਜ਼ਰੂਰਤ ਹੈ। ਔਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਉਸ ਪਵਿਤ੍ਰ ਵਾਕ ਨੂੰ ਯਾਦ ਕਰੋ ਜੋ ਉਹਨਾਂ ਨੇ ਸਾਨੂੰ ਕਿਹਾ ਸੀ। ਮੇਰੀ ਸਾਰੇ ਦੇਸ਼ਵਾਸੀਆਂ ਨੂੰ ਅਪੀਲ ਹੈ :

ਸਾਚ ਕਹੋਂ ਸੁਨ ਲੇਹੁ ਸਭੈ,
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

ਜੈ ਹਿੰਦ

Designed and produced by Directorate of Advertising and Visual Publicity, Ministry of I. & B., Government of India and printed at Allied Publishers, New Delhi-110064.

No. 2/9/84—PP III Punjabi

June '84